ਪੰਜਾਬੀ / PUNJABI

ਪੇਪਰ II / Paper II

(ਸਾਹਿਤ) / (LITERATURE)

ਨਿਰਧਾਰਿਤ ਸਮਾਂ: **ਤਿੰਨ** ਘੰਟੇ
*Time Allowed : **Three** Hours*

ਕੁੱਲ ਅੰਕ : **250**
*Maximum Marks : **250***

ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

ਪ੍ਰਸ਼ਨ ਪੱਤਰ ਵਿੱਚ ਕੁੱਲ **ਅੱਠ** ਪ੍ਰਸ਼ਨ ਹਨ, ਜੋ **ਦੋ ਭਾਗਾਂ** ਵਿੱਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿੱਚੋਂ ਕੋਈ **ਤਿੰਨ** ਪ੍ਰਸ਼ਨ ਕਰੋ, ਪਰੰਤੂ ਦੋਵੇਂ ਭਾਗਾਂ ਵਿੱਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ / ਭਾਗ ਦੇ ਅੰਕ, ਉਸ ਦੇ ਨਾਲ ਹੀ ਦੱਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ, **ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ)** ਵਿੱਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ-ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕੱਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ , ਭਾਵੇਂ ਉਹ ਅਧੂਰਾ ਹੀ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖ਼ਾਲੀ ਹਿੱਸਾ, ਜੇ ਖ਼ਾਲੀ ਹੈ, ਤਾਂ ਉਸ ਉੱਤੇ ਕਾਟਾ ਮਾਰਨਾ ਜ਼ਰੂਰੀ ਹੈ ।

Question Paper Specific Instructions

Please read each of the following instructions carefully before attempting questions :

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

The number of marks carried by a question / part is indicated against it.

*Answers must be written in **PUNJABI (Gurumukhi script)**.*

Word limit in questions, wherever specified, should be adhered to.

Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.

Optional Province · optionalprovince.com

SECTION A

Q1. ਹੇਠ ਲਿਖੇ ਕਾਵਿ-ਟੋਟੀਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।
(ਸ਼ਬਦ ਸੀਮਾ : 150 ਸ਼ਬਦ ਹਰੇਕ ਭਾਗ) *10×5=50*

(a) "ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨਾ ਚਲਨੀ ਜਿੰਦੁ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥" *10*

(b) "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥" *10*

(c) "ਪੜਿ ਪੜਿ ਗਡੀ ਨਦੀਅਹਿ ਪੜਿ ਪੜਿ ਭਰੀਅਹਿ ਸਾਥ ॥"
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥" *10*

(d) "ਜੋ ਕੁੱਝ ਸਾਡੇ ਅੰਦਰ ਵੱਸੇ ਜਾਤ ਅਸਾਡੀ ਹੋਈ,
ਜਿਸ ਦੇ ਨਾਲ ਮੈਂ ਨਿਹੁੰ ਲਗਾਇਆ ਉਹੀਉ ਜੈਸੀ ਹੋਈ,
ਚਿੱਟੀ ਚਾਦਰ ਲਾਹ ਸੁੱਟ ਕੁੜੀਏ ਪਹਿਣ ਫ਼ਕੀਰਾਂ ਲੋਈ,
ਚਿੱਟੀ ਚਾਦਰ ਦਾਗ਼ ਲਗੇਸੀ ਲੋਈ ਦਾਗ਼ ਨਾ ਕੋਈ ।" *10*

(e) "ਰਲੇ ਦਿਲਾਂ ਨੂੰ ਪਕੜ ਵਿਛੋੜ ਦੇਂਦੇ, ਬੁਰੀ ਬਾਣ ਇਨ੍ਹਾਂ ਹਤਿਆਰਿਆਂ ਨੂੰ ।
ਖਾਵਣ ਵਢੀਆਂ ਨਿੱਤ ਈਮਾਨ ਵੇਚਣ, ਏਹੁ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ ।
ਰੱਬ ਦੋ ਜ਼ਖ਼ ਨੂੰ ਭਰੇ ਪਾਇ ਬਾਲਣ, ਕੇਹਾ ਦੋਸ਼ ਹੈ ਇਨ੍ਹਾਂ ਵਿਚਾਰਿਆਂ ਨੂੰ ।
ਵਾਰਿਸ ਸ਼ਾਹ ਮੀਆਂ ਬਣੀ ਬਹੁਤ ਔਖੀ, ਨਹੀਂ ਜਾਣਦੀ ਸਾਂ ਇਨ੍ਹਾਂ ਕਾਇਆਂ ਨੂੰ ।" *10*

Optional Province · optionalprovince.com

Q2. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(a) "ਫ਼ਰੀਦ ਜੀ... ਨੇ ਇੰਦ੍ਰੀਆਵੀ ਬਿੰਬਾਂ, ਦ੍ਰਿਸ਼ ਬਿੰਬਾਂ, ਅਲੰਕਾਰ ਬਿੰਬਾਂ (ਰੂਪਕ ਤੇ ਉਪਮਾਵਾਂ), ਦ੍ਰਿਸ਼ਟਾਂਤ ਬਿੰਬਾਂ ਤੋਂ ਛੁੱਟ, ਬਿੰਬਾਤਮਕ ਮੁਹਾਵਰਿਆਂ ਤੇ ਅਖਾਉਤਾਂ ਨੂੰ ਵੀ ਬੜੀ ਸੁਚੱਜਤਾ ਨਾਲ ਪਾਠਕਾਂ ਦੇ ਸਾਹਮਣੇ ਲਿਆ ਕੇ, ਉਨ੍ਹਾਂ ਦੀ ਸੁਹਜਾਤਮਕ ਪਿਆਸ ਨੂੰ ਬੁਝਾਇਆ ਹੈ ।" ਇਸ ਕਥਨ ਦੀ ਰੋਸ਼ਨੀ ਵਿੱਚ ਫ਼ਰੀਦ ਬਾਣੀ ਦੇ ਬਿੰਬ-ਵਿਧਾਨ ਬਾਰੇ ਉਦਾਹਰਣਾਂ ਸਹਿਤ ਟਿੱਪਣੀ ਕਰੋ । *20*

(b) " 'ਬਾਰਹਮਾਹਾ ਤੁਖਾਰੀ', ਦੁਨਿਆਵੀ ਤੇ ਅਧਿਆਤਮਕ ਦੁਮੇਲ 'ਤੇ ਉਸਰੀ ਹੋਈ ਇਕ ਰਹੱਸਵਾਦੀ ਰਚਨਾ ਹੈ । ਜਿਸ ਵਿੱਚ ਪ੍ਰਭੂ-ਮਿਲਾਪ ਲਈ ਲੁੱਛਦੀ ਤੇ ਤਾਂਘਦੀ ਹੋਈ ਬਿਰਹਣ ਨਾਇਕਾ ਦੇ ਪ੍ਰਤੀਕ ਰਾਹੀਂ, ਜੀਵਾਤਮਾ ਦੀ ਵਿਲਕਣੀ ਅਤੇ ਓੜਕ ਨੂੰ ਮਹਾਂ-ਮਿਲਨ ਦੀ ਅਲੋਕਿਕ ਅਵੱਸਥਾ ਦਾ ਵਿਸਮਾਦਕ ਨਿਰੂਪਣ ਕੀਤਾ ਗਿਆ ਹੈ ।" ਇਸ ਕਥਨ ਦੀ, ਉਦਾਹਰਨਾਂ ਸਹਿਤ ਪੁਸ਼ਟੀ ਕਰੋ । *15*

(c) "ਬੁੱਲ੍ਹਾ, ਭਾਰਤ ਦਾ ਸਪੂਤ, ਆਪਣੀ ਜਨਮ-ਭੂਮੀ ਪੰਜਾਬ ਦੀ ਸ਼ਮ੍ਹਾ ਦਾ ਉਹ ਪਰਵਾਨਾ ਹੈ, ਜਿਸ ਦਾ ਏਥੋਂ ਹੋਰਥੇ ਜਾਣ ਲਈ ਜੀਅ ਨਹੀਂ ਕਰਦਾ, ਉਹ ਪੰਜਾਬ ਦੇ ਦਰਿਆਵਾਂ, ਜੂਹਾਂ, ਪਹਾੜਾਂ, ਰੁੱਤਾਂ, ਫ਼ਸਲਾਂ, ਬਾਗ਼ – ਬਗ਼ੀਚਿਆਂ, ਜੁਆਨਾਂ, ਬੁਢਿਆਂ, ਮੁਟਿਆਰਾਂ, ਨੱਢੀਆਂ ਤੇ ਬੁੱਢੀਆਂ ਮਾਵਾਂ ਦਾ ਜੱਸ ਕਰਨ ਲਈ, ਸਦਾ ਉਤਸਕ ਰਹਿੰਦਾ ਹੈ ।" ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚੋਂ ਮਿਸਾਲਾਂ ਦੇ ਕੇ, ਇਸ ਕਥਨ ਦੀ ਪੁਸ਼ਟੀ ਕਰੋ । *15*

Q3. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(a) "ਫ਼ਰੀਦ ਬਾਣੀ ਨੇ, ਮਾਨਵ-ਜੀਵਨ ਦੇ ਬਹੁਪੱਖੀ ਚਿੱਤਰ ਪੇਸ਼ ਕਰਦਿਆਂ ਇਕ ਅਜਿਹੇ ਆਦਰਸ਼ ਮਨੁੱਖ ਦਾ ਅਕਸ ਪੇਸ਼ ਕੀਤਾ ਹੈ, ਜਿਹੜਾ ਮੌਤ ਦੇ ਦ੍ਰਿਸ਼ਟੀਕੋਣ ਰਾਹੀਂ ਜ਼ਿੰਦਗੀ ਨੂੰ, ਨਿਰਾਸ਼ਾ ਰਾਹੀਂ ਆਸ਼ਾ ਨੂੰ, ਨਾਸ਼ਮਾਨਤਾ ਅਤੇ ਅਸਥਿਰਤਾ ਰਾਹੀਂ ਜ਼ਿੰਦਗੀ ਦੀ ਹੋਂਦ ਨੂੰ ਵੇਖਦਿਆਂ, ਜ਼ਿੰਦਗੀ ਦੇ ਛਿੰਨ-ਭੰਗਰੇ ਜਾਂ ਅਲਪ-ਕਾਲੀ ਹੋਣ ਪ੍ਰਤੀ ਸੁਚੇਤ ਹੁੰਦਿਆਂ, ਸ਼ੁੱਭ ਤੇ ਨੇਕ ਕਰਮ ਕਰਨ ਵੱਲ ਅਗ੍ਰਸਰ ਹੁੰਦਾ ਹੈ ।" ਇਸ ਕਥਨ ਬਾਰੇ, ਆਪਣੀ ਆਲੋਚਨਾਤਮਕ ਟਿੱਪਣੀ ਕਰੋ । *20*

(b) " 'ਜਪੁ'ਜੀ ਬਾਣੀ, ਸਾਕਾਰ ਰੂਪ ਵਿੱਚ, 'ਸਤਿਯਮ' (Truth), 'ਸ਼ਿਵਮ' (God) ਤੇ 'ਸੁੰਦਰਮ' (Beautiful) ਹੈ ।" ਇਸ ਕਥਨ ਦੀ ਰੋਸ਼ਨੀ ਵਿੱਚ 'ਜਪੁ'ਜੀ ਬਾਣੀ ਬਾਰੇ ਵਿਸ਼ਲੇਸ਼ਣਾਤਮਕ-ਟਿੱਪਣੀ ਕਰੋ । *15*

(c) "ਵਾਰਿਸ ਸ਼ਾਹ ਦੀ ਰਚਨਾ 'ਹੀਰ', ਇਕੋ ਵੇਲੇ ਨਾਰੀ-ਵੇਦਨਾ, ਨਾਰੀ-ਸੰਵੇਦਨਾ ਅਤੇ ਨਾਰੀ-ਚੇਤਨਾ ਦੀ ਪੇਸ਼ਕਾਰੀ ਕਰਨ ਵਾਲੀ ਰਚਨਾ ਹੈ ।" ਇਸ ਕਥਨ ਦੀ ਪੁਸ਼ਟੀ, ਵਾਰਿਸ ਸ਼ਾਹ ਰਚਿਤ 'ਹੀਰ' ਵਿੱਚੋਂ ਮਿਸਾਲਾਂ ਦੇ ਕੇ ਕਰੋ । *15*

Optional Province · optionalprovince.com

Q4. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(a) " 'ਆਸਾ ਦੀ ਵਾਰ' ਬਾਣੀ ਵਿੱਚ ਮਨੁੱਖ ਦੇ, ਜਿੱਥੇ ਧਾਰਮਕ ਅਤੇ ਸਮਾਜਕ ਜੀਵਨ ਦੀ ਉਸਾਰੀ ਲਈ ਅਤੇ ਉਸ ਨੂੰ ਸ੍ਰੇਸ਼ਠ ਬਣਾਉਣ ਲਈ ਵਿਚਾਰ ਦਰਜ ਹਨ, ਉੱਥੇ ਨਾਲ ਹੀ ਗੁਰਮਤਿ ਦਾ ਅਧਿਆਤਮਕ-ਦ੍ਰਿਸ਼ਟੀਕੋਣ ਅਤੇ ਧਰਮ-ਸੱਤਾ ਦੇ ਰਹੱਸਵਾਦੀ ਸਰੂਪ ਦੀ ਵੀ ਜਾਣਕਾਰੀ ਦਿੱਤੀ ਗਈ ਹੈ ।" ਇਸ ਕਥਨ ਦੀ ਪੁਸ਼ਟੀ, 'ਆਸਾ ਦੀ ਵਾਰ' ਬਾਣੀ ਵਿੱਚੋਂ ਮਿਸਾਲਾਂ ਦੇ ਕੇ ਕਰੋ । *20*

(b) " ਸਾਈਂ ਬੁੱਲ੍ਹੇ ਸ਼ਾਹ, ਰੱਬ ਦਾ ਆਸ਼ਕ ਹੋ ਕੇ, ਕਿਸੇ ਮਸੀਤ ਦੇ ਗੋਸ਼ੇ ਵਿੱਚ ਜਾਂ ਕਿਸੇ ਤੱਕੀਏ ਵਿੱਚ ਜਾ ਕੇ ਅੱਖਾਂ ਬੰਦ ਕਰਕੇ ਬੈਠਾ ਨਹੀਂ ਰਿਹਾ ਸੀ, ਸਗੋਂ ਉਹ ਪੂਰੀ ਤਰ੍ਹਾਂ ਚੇਤੰਨ ਹੋ ਕੇ, ਆਪਣੇ ਆਲੇ-ਦੁਆਲੇ ਵਾਪਰਣ ਵਾਲੀਆਂ ਰਾਜਨੀਤਕ, ਸਮਾਜਕ ਅਤੇ ਧਾਰਮਕ ਘਟਨਾਵਾਂ ਦੀ ਦੇਖ-ਪਰਖ ਕਰ ਰਿਹਾ ਸੀ ।" ਇਸ ਕਥਨ ਨੂੰ, ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੇ ਹਵਾਲੇ ਨਾਲ ਸਪੱਸ਼ਟ ਕਰੋ । *15*

(c) "ਵਾਰਿਸ, ਬਿਆਨ ਦਾ ਬਾਦਸ਼ਾਹ ਹੈ । ਉਹ ਕਿਸੇ ਥਾਓਂ ਵੀ ਕਾਹਲੀ ਕਾਹਲੀ ਨਹੀਂ ਲੰਘਦਾ । ਹਰ ਭੌਤਿਕ ਤੇ ਮਾਨਸਿਕ ਮੰਜ਼ਰ ਕੋਲ, ਇੱਕੋ ਜਿਹੀ ਗਹਿਰੀ ਸੰਵੇਦਨਾ ਨਾਲ ਠਹਿਰਦਾ ਹੈ । ਜਗਤ ਤਮਾਸ਼ੇ ਦਾ ਉਹ ਬਹੁਤ ਵਿਵੇਕੀ, ਵਿਨੋਦੀ, ਰਸੀਲਾ ਬਿਆਨਕਾਰ ਹੈ ।" ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? ਉਸ ਦੇ ਕਿੱਸੇ 'ਹੀਰ' ਦੇ ਆਧਾਰ 'ਤੇ ਇਸ ਦੇ ਹੱਕ ਜਾਂ ਵਿਰੋਧ ਵਿੱਚ, ਆਪਣੇ ਵਿਚਾਰ ਪ੍ਰਗਟ ਕਰੋ । *15*

Optional Province · optionalprovince.com

SECTION B

Q5. ਹੇਠ ਲਿਖੇ ਪੰਜ ਸਾਹਿਤਕ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ ।
(ਸ਼ਬਦ ਸੀਮਾ : 150 ਹਰੇਕ ਭਾਗ) *10×5=50*

(a) "ਆਈਆਂ ਪਲਟਨਾਂ ਬੀੜ ਕੇ ਤੋਪਖ਼ਾਨੇ, ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ ।
ਮੇਵਾ ਸਿੰਘ ਤੇ ਮਾਖੇ ਖ਼ਾ ਹੋਏ ਸਿੱਧੇ, ਹੱਲੇ ਤਿੰਨ ਫ਼ਰੰਗੀ ਦੇ ਮੋੜ ਸੁੱਟੇ ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤਰੀਂ ਜੋੜ-ਵਿਛੋੜ ਸੁੱਟੇ ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ ।" *10*

(b) "ਤੂੰ ਇਨਸਾਨ ਹੈਂ ਰੱਬ ਦਾ ਸਾਹਬਜ਼ਾਦਾ, ਜਿੰਨਾ ਚਾਹੇਂ ਪਾਖੰਡ ਰਚਾਈ ਜਾ ਤੂੰ; ਦੁਨੀਆਂ ਛਲੀ ਜਾ, ਦਲੀ ਜਾ, ਮਲੀ ਜਾ ਤੂੰ, ਵਲਗਣ ਵਲੀ ਜਾ, ਮੌਜਾਂ ਉਡਾਈ ਜਾ ਤੂੰ; ਵੇਖੀ ਜਾਏਗੀ ਅਗ੍ਹਾਂ ਦੀ ਅਗ੍ਹਾਂ ਵੇਲੇ, ਹਾਲੀ ਹਿਰਸ ਦੇ ਜਾਲ ਫੈਲਾਈ ਜਾ ਤੂੰ; ਮਾਰ ਮਾਰ ਸਾਰਾਂ ਢੇਰ ਲਾਈ ਜਾ ਤੂੰ । ਖੱਫਣ ਅੰਤ ਵੇਲੇ ਖ਼ਬਰੇ ਲੱਭਣਾ ਨਹੀਂ, ਐਪਰ ਜੀਉਂਦਿਆਂ ਜੀ ਦਾ ਧਰਵਾਸ ਹੀ ਸਹੀ, 'ਚਾਤ੍ਰਿਕ' ਨਾਲ ਤਾਂ ਏਸਨੇ ਚੱਲਣਾ ਨਹੀਂ, ਨਰਕਾਂ ਵਾਸਤੇ ਪਾਪ ਦੀ ਰਾਸ ਹੀ ਸਹੀ ।" *10*

(c) "ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈਆਂ ਪਹੁੰਚੇ ਹੋਏ ਮਹਾਂਪੁਰਖਾਂ ਦੀ ਸੰਗਤ ਨਾਲ ਦਿਲ ਦੀ ਜਲਨ ਕਿਸੇ ਹੱਦ ਤੱਕ ਦੂਰ ਹੋਈ, ਪਰ ਘਰ ਦਾ ਮੋਹ ਅਖ਼ੀਰ ਤਕ ਮੇਰਾ ਪਿੱਛਾ ਨਾ ਛੱਡ ਸਕਿਆ । ਸਾਧੂ ਬਣ ਕੇ ਬਥੇਰੇ ਜਪ ਤਪ ਕੀਤੇ, ਕਠਨ ਤੋਂ ਕਠਨ ਸਾਧਨਾਂ ਕੀਤੀਆਂ, ਪਰ ਦਿਲ ਦੀ ਤਾਰ ਹਰ ਵੇਲੇ ਘਰ ਵਿਚ ਹੀ ਵਜਦੀ ਰਹਿੰਦੀ ਸੀ । ਅਖੀਰ ਜਦ ਦੋ ਸਾਲਾਂ ਦੀ ਕਮਾਈ ਵੀ ਮੈਨੂੰ ਮੋਹ ਦੇ ਜਾਲ 'ਚੋਂ ਨਾ ਛੁਡਾ ਸਕੀ, ਤਾਂ ਮੈਂ ਹਾਰ ਕੇ ਘਰ ਵਲ ਰੁਖ਼ ਕੀਤਾ ।" *10*

(d) "ਸਾਡੀਆਂ ਨਜ਼ਰਾਂ ਵਿਚ ਸਭ ਪੁਰਾਣੀਆਂ ਧਰਮ-ਪੁਸਤਕਾਂ, ਸਭ ਮਤ-ਮਤਾਂਤਰ, ਸਭ ਔਲੀਏ, ਮਹਾਤਮਾ ਤੇ ਸੰਤ ਵਿਕਾਸ ਦੀ ਰਾਹ ਵਿਚ ਬਾਧਾ ਪਾਣ ਵਾਲਾ ਢਕਵੰਜ ਹਨ । ਅਸੀਂ ਭੁੱਲ ਜਾਂਦੇ ਹਾਂ ਕਿ ਆਪਣੇ ਵੇਲਿਆਂ ਦੇ ਉਹਨਾਂ ਬਜ਼ੁਰਗਾਂ ਨੇ ਜੋ ਕੁਝ ਕੀਤਾ ਸਰਬੱਤ ਦੇ ਭਲੇ ਨੂੰ ਮੁੱਖ ਰੱਖ ਕੇ ਕੀਤਾ ਅਤੇ ਨਿਡਰਤਾ ਨਾਲ ਆਪਣੇ ਰਾਹ 'ਤੇ ਚਲ ਕੇ, ਪ੍ਰਾਣਾਂ ਦੀਆਂ ਆਹੂਤੀਆਂ ਦੇ ਦਿੱਤੀਆਂ । ਆਪਣੀ ਏਸ ਅਗਿਆਨਤ ਅਤੇ ਬਿਮੁਖਤਾ ਦਾ ਨਤੀਜਾ ਇਹ ਹੁੰਦਾ ਹੈ ਕਿ ਲੋਕਾਂ ਲਈ ਦਿਲ ਵਿਚ ਸੱਚਾ ਹਿਤ ਰੱਖਦਿਆਂ ਹੋਇਆਂ ਵੀ ਅਸੀਂ ਉਹਨਾਂ ਦੇ ਦਿਲਾਂ ਨਾਲ ਸਾਂਝਾਂ ਨਹੀਂ ਪਾ ਸਕਦੇ ।" *10*

(e) "ਯਾਕੂਤ : ਜੀ ਹਾਂ, ਘੋੜੇ ਦੀ ਉਮਰ ਦੰਦਾਂ ਨੂੰ ਦੇਖ ਕੇ ਪਛਾਣੀ ਜਾਂਦੀ ਹੈ ਤੇ ਉਸ ਦਾ ਸੁਭਾਅ ਵੀ ।
ਰਜ਼ੀਆ : (ਹੱਸਦੀ ਹੈ ।) ਤੇ ਮਨੁੱਖ ਦੀ ਪਛਾਣ ?
ਯਾਕੂਤ : ਉਹ ਪਲ ਪਲ ਬਦਲਦਾ ਹੈ । ਘੋੜੇ ਤੇ ਕੁੱਤੇ ਵਾਂਗ ਸਦਾ ਵਫ਼ਾਦਾਰ ਨਹੀਂ ਰਹਿੰਦਾ ।
ਰਜ਼ੀਆ : ਜਾਣਦੀ ਹਾਂ । ਇਸੇ ਲਈ ਦਰਬਾਰ ਦੇ ਕਿਸੇ ਅਮੀਰ ਉਤੇ ਮੈਨੂੰ ਵਿਸ਼ਵਾਸ ਨਹੀਂ । ਸਾਰੇ ਇਕ ਦੂਜੇ ਦੀ ਪਿੱਠ ਵਿਚ ਛੁਰਾ ਘੁੱਪਣ ਲਈ ਤਿਆਰ ਰਹਿੰਦੇ ਹਨ । ਵਿਸ਼ਵਾਸ ਕਰਕੇ ਕੋਈ ਸੁਲਤਾਨ ਹਕੂਮਤ ਨਹੀਂ ਕਰ ਸਕਦਾ । ਵਿਸ਼ਵਾਸ ਦਾ ਅਰਥ ਹੈ, ਅੱਖਾਂ ਬੰਦ ਕਰ ਲੈਣੀਆਂ ।" *10*

Optional Province · optionalprovince.com

Q6. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(a) ਸ਼ਾਹ ਮੁਹੰਮਦ ਦੀ ਰਚਨਾ *'ਜੰਗ ਸਿੰਘਾਂ ਤੇ ਫ਼ਿਰੰਗੀਆਂ'*, 'ਕਿੱਸਾ' ਹੈ, 'ਵਾਰ' ਹੈ ਕਿ 'ਜੰਗਨਾਮਾ' ? ਜਾਂ ਫਿਰ ਤਿੰਨੇ ਵਿਧਾਵਾਂ ਦਾ ਮਿਸ਼ਰਣ ਹੈ ? ਦਲੀਲਾਂ ਸਹਿਤ ਸਪੱਸ਼ਟ ਕਰੋ । *20*

(b) "ਪੁਰਾਣੇ ਸ਼ਿਵਾਲੇ ਵਿੱਚ ਮਨੁੱਖ ਉੱਤੇ ਅੱਖਾਂ ਮੀਟੀਆਂ ਤੇ ਬੁੱਤਾਂ ਉੱਤੇ ਸਮਾਧੀਆਂ ਲਾਈਆਂ ਜਾਂਦੀਆਂ ਸਨ । ਨਵੇਂ ਸ਼ਿਵਾਲੇ ਵਿੱਚ ਮਨੁੱਖ ਦੀ ਹਰ ਅਹਰ ਦਾ ਦਾਰੂ, ਮਨੁੱਖ ਹੈ । ਮਨੁੱਖ ਹੀ ਉਹ ਮਹਿਬੂਬ ਹੈ, ਜਿਦੇ ਸੁਆਗਤ ਲਈ ਜ਼ਿੰਦਗੀ ਅਜ਼ਲ ਤੋਂ ਆਪਣੇ ਦਰਵਾਜ਼ੇ ਖੋਲ੍ਹਦੀ ਤੁਰੀ ਆ ਰਹੀ ਹੈ ।" ਉਪਰੋਕਤ ਕਥਨ ਦੀ ਰੌਸ਼ਨੀ ਵਿਚ *'ਨਵਾਂ ਸ਼ਿਵਾਲਾ'* ਪੁਸਤਕ ਵਿੱਚੋਂ ਉਦਾਹਰਨਾਂ ਸਹਿਤ ਬਿਆਨ ਕਰੋ ਕਿ ਲੇਖਕ, ਪੁਰਾਣੇ ਜੀਵਨ-ਮੁੱਲਾਂ ਦੇ ਸਮਾਨੰਤਰ, ਕਿਹੜੇ ਕਿਹੜੇ ਨਵੇਂ ਜੀਵਨ-ਮੁੱਲਾਂ ਦੀ ਸਿਰਜਣਾ ਵੱਲ ਸੰਕੇਤ ਕਰਦਾ ਹੈ ? ਅਤੇ ਕਿਉਂ ? ਚਰਚਾ ਕਰੋ । *15*

(c) "ਸਮਾਜਕ-ਜੀਵਨ ਦੇ ਦੋ ਪੱਖ ਹਨ, ਉਪਯੋਗੀ ਤੇ ਸੂਖ਼ਮ, ਅਥਵਾ, ਆਰਥਿਕ ਤੇ ਆਤਮਕ, ਤੇ ਇਹ ਦੋ ਪੱਖ ਇਕ-ਦੂਜੇ ਤੋਂ ਬਿਲਕੁਲ ਵੱਖ, ਕਟੇ ਹੋਏ ਜਾਂ ਅਲੱਗ ਨਹੀਂ, ਇਕ-ਦੂਜੇ ਉੱਤੇ ਬਹੁਭਾਂਤੀ ਪ੍ਰਭਾਵ ਪਾਂਦੇ ਹਨ ।" ਕੀ ਸੰਤ ਸਿੰਘ ਸੇਖੋਂ ਦਾ ਇਹ ਕਥਨ, ਉਸਦੀਆਂ ਆਲੋਚਨਾ-ਪੁਸਤਕਾਂ *'ਸਾਹਿਤਆਰਥ'*, *'ਪ੍ਰਸਿੱਧ ਪੰਜਾਬੀ ਕਵੀ'* ਅਤੇ *'ਪੰਜਾਬੀ ਕਾਵਿ ਸ਼ਿਰੋਮਣੀ'* ਵਿੱਚੋਂ ਉੱਭਰ ਕੇ ਆਉਂਦੀ, ਉਸਦੀ ਸਿਧਾਂਤ ਚਿੰਤਕ-ਦ੍ਰਿਸ਼ਟੀ, ਸਮੀਖਿਆ-ਦ੍ਰਿਸ਼ਟੀ ਅਤੇ ਸਾਹਿਤ-ਦ੍ਰਿਸ਼ਟੀ 'ਤੇ ਲਾਗੂ ਹੁੰਦਾ ਹੈ ? ਇਸ ਸੰਬੰਧੀ ਆਲੋਚਨਾਤਮਕ-ਟਿੱਪਣੀ ਕਰੋ । *15*

Q7. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(a) "ਸਾਹਿਤ ਨੂੰ ਇਸ ਵੇਲੇ ਇਹੋ ਜਿਹੇ ਨਾਵਲਾਂ ਦੀ ਲੋੜ ਹੈ, ਜੋ ਮਨੁੱਖੀ ਜੀਵਨ ਦੀਆਂ ਘਟਨਾਵਾਂ ਤੇ ਕ੍ਰਿਆਵਾਂ ਨੂੰ ਅਜਿਹੇ ਸੁਚੱਜੇ, ਕੁਦਰਤੀ ਤੇ ਆਦਰਸ਼ ਢੰਗ ਨਾਲ ਜਨਤਾ ਦੇ ਸਾਹਮਣੇ ਲਿਆਉਣ, ਜਿਸ ਤੋਂ 'ਸੁਆਦ' ਤੇ 'ਸਿੱਖਿਆ' ਦੁਹਾਂ ਦੀ ਪ੍ਰਾਪਤੀ ਹੋਵੇ ।" ਨਾਨਕ ਸਿੰਘ ਦੇ ਇਸ ਕਥਨ ਦੀ ਪੁਸ਼ਟੀ, ਉਸਦੇ ਨਾਵਲਾਂ : *'ਚਿੱਟਾ ਲਹੂ'*, *'ਪਵਿੱਤਰ ਪਾਪੀ'* ਅਤੇ *'ਇਕ ਮਿਆਨ ਦੋ ਤਲਵਾਰਾਂ'* ਦੇ ਅਧਾਰ 'ਤੇ ਕਰੋ । *20*

(b) "ਪ੍ਰੀਤ, ਦੋਸਤੀ, ਵਫ਼ਾ, ਕੰਮ ਆਉਣ ਦਾ ਚਾਅ ਤੇ ਸਦਕੇ ਜਾਣ ਦੀ ਖੁਸ਼ੀ ਹੀ ਮਨੁੱਖੀ ਮਨ ਦੀਆਂ ਉਸਾਰੂ ਸ਼ਕਤੀਆਂ ਕਾਇਮ ਰਖ ਸਕਦੇ ਹਨ । ਇਹ ਸਿਫ਼ਤਾਂ, ਉਹ ਸੁਨਿਹਰੀ ਮੁਹਰਾਂ ਹਨ, ਜਿਨ੍ਹਾਂ ਦਾ ਮੁੱਲ ਸਮਾਂ ਵੀ ਨਹੀਂ ਘਟਾਂਦਾ, ਸੈਂਕੜੇ ਨਵੇਂ ਸਿੱਕੇ ਮੰਡੀ ਵਿੱਚ ਪਏ ਆਉਣ, ਇਹਨਾਂ ਮੁਹਰਾਂ ਦਾ ਮੁੱਲ ਸਵਾਇਆ ਹੀ ਵੱਟਿਆ ਜਾਏਗਾ ।" ਇਸ ਕਥਨ ਦੀ ਪ੍ਰੋੜਤਾ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੀ ਪੁਸਤਕ *'ਮੇਰੀਆਂ ਅਭੁੱਲ ਯਾਦਾਂ'* ਦੇ ਅਧਾਰ 'ਤੇ ਕਰੋ । *15*

(c) "ਉਸਦੇ ਨਾਟਕ, ਉਸਦੀ ਆਪਣੀ ਭਾਸ਼ਾ ਵਿੱਚ, ਬਲ਼ਦੇ ਵੇਗ ਦੇ, ਸੇਕ ਦੇ ਦੁਖਾਂਤ ਨੂੰ ਪੇਸ਼ ਕਰਦੇ ਹਨ । ਇਉਂ ਇਹ ਨਾਟਕ, ਕਾਮ ਤੇ ਕਾਮਨਾਵਾਂ ਦੇ ਵੇਗ ਨੂੰ ਅਵਚੇਤਨ ਨਾਲ ਸੰਬੰਧਿਤ ਕਰਦੇ ਹਨ । ਉਹ ਮਨੁੱਖੀ-ਰਿਸ਼ਤਿਆਂ ਦੀ ਟੁੱਟ-ਭੱਜ ਨੂੰ, ਇਸੀ ਪ੍ਰਸੰਗ ਵਿੱਚ ਪੇਸ਼ ਕਰਦਾ ਹੈ । ਵਿਸ਼ੇਸ਼ ਤੌਰ 'ਤੇ ਉਸਦੇ ਨਾਟਕ ਔਰਤ ਦੇ ਅਜਿਹੇ ਮਾਨਸਿਕ ਸੰਘਰਸ਼ ਨੂੰ ਕੇਂਦਰ ਬਣਾਉਂਦੇ ਹਨ ।" ਇਸ ਕਥਨ ਦੀ ਸਾਰਥਕਤਾ ਬਾਰੇ, ਬਲਵੰਤ ਗਾਰਗੀ ਰਚਿਤ *'ਲੋਹਾ ਕੁੱਟ'*, *'ਧੁਨੀ ਦੀ ਅੱਗ'* ਅਤੇ *'ਸੁਲਤਾਨ ਰਜ਼ੀਆ'* ਨਾਟਕਾਂ ਦੇ ਸੰਦਰਭ ਵਿੱਚ, ਆਲੋਚਨਾਤਮਕ-ਟਿੱਪਣੀ ਕਰੋ । *15*

Optional Province · optionalprovince.com

Q8. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

(a) "ਪੰਜਾਬੀ ਰਚਨਾ ਦੇ ਮੰਡਲ ਵਿੱਚ ਜੋ ਨਵਜੋਬਨ ਆਇਆ ਹੈ ਤੇ ਨਵੇਂ ਸ਼ਿੰਗਾਰ ਵਿੱਚ ਪੰਜਾਬੀ ਬਣ-ਠਣ ਰਹੀ ਹੈ, ਉਸ ਵਿੱਚ 'ਚਾਤ੍ਰਿਕ' ਜੀ ਨੇ ਸ਼ਿੰਗਾਰ ਦੀ ਸੇਵਾ ਦਾ ਹੰਬਲਾ ਮਾਰਿਆ ਹੈ, ਤੇ ਆਪਣੇ ਦਿਲ ਦੇ ਭਾਵ, ਤਜਰਬੇ ਤੇ ਖ਼ਯਾਲ ਪ੍ਰਗਟ ਕਰਕੇ, ਇਸ ਫੁਲਵਾੜੀ ਨੂੰ ਹੋਰ ਧਨੀ ਬਣਾਇਆ ਹੈ, ਤੇ ਜਿੱਥੇ ਲੋੜ ਸਮਝੀ ਹੈ ਦੂਸਰਿਆਂ ਦੇ ਉੱਤਮ ਖ਼ਯਾਲਾਂ ਨੂੰ ਖੁੱਲ੍ਹੇ ਉਲਥੇ ਦਾ ਰੂਪ ਦੇ ਕੇ, ਪੰਜਾਬ ਦੀ ਵੱਖਰ ਨੂੰ ਵਾਧਾ ਦਿੱਤਾ ਹੈ ।" ਧਨੀ ਰਾਮ 'ਚਾਤ੍ਰਿਕ' ਦੇ ਕਾਵਿ-ਸੰਗ੍ਰਿਹ *'ਚੰਦਨਵਾੜੀ'* ਦੇ ਸੰਦਰਭ ਵਿੱਚ, ਇਸ ਕਥਨ ਦੀ ਪੁਸ਼ਟੀ ਦਲੀਲਾਂ ਸਹਿਤ ਕਰੋ । *20*

(b) *'ਮੇਰਾ ਪਾਕਿਸਤਾਨੀ ਸਫ਼ਰਨਾਮਾ'* ਅਤੇ *'ਮੇਰਾ ਰੂਸੀ ਸਫ਼ਰਨਾਮਾ'* ਦੇ ਸੰਦਰਭ ਵਿੱਚ, ਬਲਰਾਜ ਸਾਹਨੀ ਦੀ ਵਾਰਤਕ-ਸ਼ੈਲੀ ਬਾਰੇ ਉਦਾਹਰਨਾਂ ਸਹਿਤ ਚਰਚਾ ਕਰੋ । *15*

(c) "ਸੰਤ ਸਿੰਘ ਸੇਖੋਂ ਨੇ ਆਪਣੇ ਚਿੰਤਨ-ਕਾਰਜ ਦੇ ਆਰੰਭ ਤੋਂ ਹੀ ਧਾਰਮਿਕ/ਅਧਿਆਤਮਕ, ਪ੍ਰਸ਼ੰਸਾਮਈ ਤੇ ਰੁਮਾਂਟਿਕ ਬਿਰਤੀ ਦਾ ਕਾਫੀ ਹੱਦ ਤੱਕ ਤਿਆਗ ਕਰਕੇ, ਸਾਹਿਤ ਰਚਨਾਵਾਂ ਨੂੰ ਸਮਾਜਕ-ਇਤਿਹਾਸਕ ਸੰਦਰਭ ਅਤੇ ਗਿਆਨ ਦੇ ਸੰਗਠਨ ਦੀ ਸਹਾਇਤਾ ਨਾਲ ਵਾਚਣ ਦਾ ਪੈਗ਼ਾਮ ਦਿੱਤਾ ਹੈ ।" ਇਹ ਕਥਨ, ਉਸ ਦੀ ਸਾਹਿਤ-ਸਿਧਾਂਤ ਨਾਲ ਸੰਬੰਧਤ ਪੁਸਤਕ *'ਸਾਹਿਤਿਆਰਥ'* 'ਤੇ ਕਿਸ ਹੱਦ ਤੱਕ ਢੁੱਕਦਾ ਹੈ ? ਆਲੋਚਨਾਤਮਕ-ਟਿੱਪਣੀ ਕਰੋ । *15*

Optional Province · optionalprovince.com